॥ ਅਧਿਆਇ-15 ॥

ਨਾਰਦ ਦਾ ਕੀਰਤਨ ਦਾ ਢੰਗ, ਸ੍ਰੀ ਚੌਲਕਰ ਦੀ ਖੰਡ ਬ਼ਗੈਰ ਚਾਹ, ਦੋ ਛਿਪਕਲੀਆਂ।

ਪਾਠਕਾਂ ਨੂੰ ਯਾਦ ਹੋਏਗਾ ਕਿ ਛੇਵੇਂ ਅਧਿਆਇ ਦੇ ਮੁਤਾਬਿਕ ਸ਼ਿਰਡੀ ਵਿਚ ਰਾਮਨੌਮੀ ਉੱਤਸਵ ਮਨਾਇਆ ਜਾਂਦਾ ਸੀ। ਇਹ ਕਿਸ ਤਰ੍ਹਾਂ ਸ਼ੁਰੂ ਹੋਇਆ ਅਤੇ ਪਹਿਲੇ ਸਾਲ ਹੀ ਇਸ ਮੌਕੇ 'ਤੇ ਕੀਰਤਨ ਕਰਨ ਲਈ ਇਕ ਚੰਗੇ ਹਰੀਦਾਸ ਦੇ ਮਿਲਣ ਵਿਚ ਕੀ-ਕੀ ਮੁਸ਼ਕਿਲਾਂ ਹੋਈਆਂ, ਇਸ ਦਾ ਵੀ ਵਰਨਣ ਉਥੇ ਕੀਤਾ ਗਿਆ ਹੈ। ਇਸ ਅਧਿਆਇ ਵਿਚ ਦਾਸਗਣੂ ਦੇ ਕੀਰਤਨ ਕਰਨ ਦੇ ਢੰਗ ਦਾ ਵਰਣਨ ਹੋਏਗਾ।

ਨਾਰਦ ਦਾ ਕੀਰਤਨ ਦਾ ਢੰਗ

ਆਮ ਕਰ ਕੇ ਹਰੀਦਾਸ ਕੀਰਤਨ ਕਰਨ ਵੇਲੇ ਇਕ ਲੰਮਾ ਅੰਗਰਖਾ ਅਤੇ ਪੂਰੀ ਪੋਸ਼ਾਕ ਪਹਿਨਦੇ ਹਨ। ਉਹ ਸਿਰ ਉੱਪਰ ਪੱਗ ਬੰਨ੍ਹਦੇ ਹਨ ਅਤੇ ਇਕ ਲੰਮਾ ਕੋਟ ਅਤੇ ਅੰਦਰ ਕਮੀਜ਼, ਮੋਢੇ ਉੱਤੇ ਪਰਨਾ ਅਤੇ ਹਮੇਸ਼ਾਂ ਦੀ ਤਰ੍ਹਾਂ ਇਕ ਲੰਮੀ ਧੋਤੀ ਬੰਨ੍ਹਦੇ ਹਨ। ਇਕ ਵਾਰੀ ਪਿੰਡ ਵਿਚ ਕੀਰਤਨ ਕਰਨ ਲਈ ਜਾਂਦੇ ਹੋਏ ਦਾਸਗਣੂ ਵੀ ਇਸ ਤਰ੍ਹਾਂ ਸੱਜ-ਧੱਜ ਕੇ ਬਾਬਾ ਨੂੰ ਪ੍ਰਨਾਮ ਕਰਨ ਪਹੁੰਚੇ। ਬਾਬਾ ਉਨ੍ਹਾਂ ਨੂੰ ਦੇਖਦੇ ਹੀ ਕਹਿਣ ਲੱਗੇ, "ਚੰਗਾ! ਦੁਲਹਾ ਰਾਜਾ! ਇਸ ਤਰਾਂ ਬਣ-ਠਣ ਕੇ ਕਿੱਥੇ ਜਾ ਰਹੇ ਹੋ?" ਜਵਾਬ ਮਿਲਿਆ ਕਿ "ਕੀਰਤਨ ਕਰਨ ਲਈ"। ਬਾਬਾ ਨੇ ਪੁੱਛਿਆ ਕਿ ਕੋਟ, ਪਰਨਾ ਅਤੇ ਪੱਗ ਦੀ ਲੋੜ ਹੀ ਕੀ ਹੈ? ਇਨ੍ਹਾਂ ਨੂੰ ਹੁਣੇ ਮੇਰੇ ਸਾਹਮਣੇ ਹੀ ਉਤਾਰੋ। ਇਸ ਸਰੀਰ 'ਤੇ ਇਨ੍ਹਾਂ ਨੂੰ ਧਾਰਨ ਕਰਨ ਦੀ ਕੋਈ ਲੋੜ ਨਹੀਂ ਹੈ। ਦਾਸਗਣੂ ਨੇ ਇਹ ਕਪੜੇ ਕਦੀ ਨਹੀਂ ਪਾਏ। ਉਹ ਹਮੇਸ਼ਾਂ ਕਮਰ ਤੋਂ ਉੱਪਰ ਅੰਗ ਨੰਗੇ ਰੱਖ ਕੇ ਹੱਥ ਵਿਚ ਕਰਤਾਲ ਅਤੇ ਗਲੇ ਵਿਚ ਹਾਰ ਪਾ ਕੇ ਹੀ ਕੀਰਤਨ ਕਰਦੇ ਸੀ। ਇਹ ਢੰਗ ਭਾਵੇਂ ਹਰੀਦਾਸਾਂ ਵੱਲੋਂ ਅਪਨਾਏ ਢੰਗ ਦੇ ਵਰਗਾ ਨਹੀਂ ਹੈ, ਪਰ ਫੇਰ ਵੀ ਸ਼ੁੱਧ ਅਤੇ ਪਵਿੱਤਰ ਹੈ। ਇਸ ਕੀਰਤਨ ਦੇ ਢੰਗ ਦੇ ਜਨਮਦਾਤਾ ਨਾਰਦ ਮੁਨੀ ਕਮਰ ਤੋਂ ਉੱਪਰ ਸਿਰ ਤੱਕ ਕੋਈ ਕੱਪੜਾ ਨਹੀਂ ਧਾਰਨ ਕਰਦੇ ਸੀ। ਉਹ ਇਕ ਹੱਥ ਵਿਚ ਵੀਣਾ ਲੈ ਕੇ ਹਰੀ-ਕੀਰਤਨ ਕਰਦੇ ਹੋਏ ਤ੍ਰਿਲੋਕ ਵਿਚ ਘੁੰਮਦੇ ਸੀ।

ਸ੍ਰੀ ਚੌਲਕਰ ਦੀ ਫਿਕੀ ਚਾਹ

ਬਾਬਾ ਦੀ ਕੀਰਤੀ ਪੂਨਾ ਅਤੇ ਅਹਿਮਦਨਗਰ ਜ਼ਿਲ੍ਹਿਆਂ ਵਿਚ ਫੈਲ ਚੁੱਕੀ ਸੀ, ਪਰ ਸ੍ਰੀ ਨਾਨਾਸਾਹਿਬ ਚਾਂਦੋਰਕਰ ਦੇ ਲੋਕਾਂ ਨਾਲ ਵਾਰਤਾਲਾਪ ਅਤੇ ਦਾਸਗਣੂ ਦੇ ਸੁੰਦਰ ਕੀਰਤਨ ਨਾਲ ਬਾਬਾ ਦੀ ਕੀਰਤੀ ਕੌਂਕਣ (ਬੰਬਈ ਪ੍ਰਾਂਤ) ਵਿਚ ਵੀ ਫੈਲ ਗਈ। ਇਸ ਦਾ ਸਿਹਰਾ ਸਿਰਫ਼ ਦਾਸਗਣੂ ਨੂੰ ਹੀ ਹੈ। ਭਗਵਾਨ ਉਨ੍ਹਾਂ ਨੂੰ ਹਮੇਸ਼ਾਂ ਸੁੱਖੀ ਰੱਖੇ। ਉਨ੍ਹਾਂ ਨੇ ਆਪਣੇ ਸੁੰਦਰ ਅਤੇ ਮਨੋਹਰ ਕੀਰਤਨ ਨਾਲ ਬਾਬਾ ਨੂੰ ਘਰ-ਘਰ ਪਹੁੰਚਾ ਦਿੱਤਾ। ਸਰੋਤਿਆਂ ਦੀ ਰੁਚੀ ਵੱਖ ਵੱਖ ਤਰ੍ਹਾਂ ਦੀ ਹੁੰਦੀ ਹੈ। ਕਿਸੇ ਨੂੰ ਹਰੀਦਾਸਾਂ ਦੀ ਸਿਆਣਪ, ਕਿਸੇ ਨੂੰ ਭਾਵ, ਕਿਸੇ ਨੂੰ ਗਾਣਾ, ਤੇ ਕਿਸੇ ਨੂੰ ਚੁਟਕਲੇ ਅਤੇ ਕਿਸੇ ਨੂੰ ਵੇਦਾਂਤ-ਵਿਵੇਚਨ ਅਤੇ ਕਿਸੇ ਨੂੰ ਉਨ੍ਹਾਂ ਦੀ ਮੁੱਖ ਕਥਾ

ਦਿਲਚਸਪ ਲਗਦੀ ਹੈ। ਪਰ ਇਹੋ ਜਿਹੇ ਵਿਰਲੇ ਹੀ ਹਨ, ਜਿਨ੍ਹਾਂ ਦੇ ਦਿਲ ਵਿਚ ਸੰਤ-ਕਥਾ ਜਾਂ ਕੀਰਤਨ ਸੁਣ ਕੇ ਸ਼ਰਧਾ ਅਤੇ ਪਿਆਰ ਉਮੜਦਾ ਹੈ। ਸ੍ਰੀ ਦਾਸਗਣੂ ਦਾ ਕੀਰਤਨ ਸਰੋਤਿਆਂ ਦੇ ਦਿਲ 'ਤੇ ਪੱਕਾ ਅਸਰ ਕਰਦਾ ਸੀ। ਇਕ ਇਹੋ ਜਿਹੀ ਘਟਨਾ ਹੇਠਾਂ ਦਿੱਤੀ ਜਾਂਦੀ ਹੈ।

ਇਕ ਵਾਰੀ ਠਾਣੇ ਦੇ ਕੋਪੀਨੇਸ਼ਵਰ ਮੰਦਿਰ ਵਿਚ ਸ੍ਰੀ ਦਾਸਗਣੂ ਕੀਰਤਨ ਵਿਚ ਸ੍ਰੀ ਸਾਈਂ ਬਾਬਾ ਦਾ ਗੁਣਗਾਣ ਕਰ ਰਹੇ ਸੀ। ਸਰੋਤਿਆਂ ਵਿਚ ਇਕ ਚੌਲਕਰ ਨਾਂਅ ਦਾ ਆਦਮੀ, ਜਿਹੜਾ ਕਿ ਠਾਣੇ ਦੀ ਦੀਵਾਨੀ ਅਦਾਲਤ ਵਿਚ ਇਕ ਆਰਜ਼ੀ ਕਰਮਚਾਰੀ ਸੀ, ਵੀ ਉੱਥੇ ਹਾਜ਼ਰ ਸੀ। ਦਾਸਗਣੂ ਦਾ ਕੀਰਤਨ ਸੁਣ ਕੇ ਉਹ ਬਹੁਤ ਪ੍ਰਭਾਵਿਤ ਹੋਇਆ ਅਤੇ ਮਨ ਹੀ ਮਨ ਬਾਬਾ ਨੂੰ ਨਮਸਕਾਰ ਕਰ ਕੇ ਪ੍ਰਾਰਥਨਾ ਕਰਨ ਲੱਗਾ, "ਹੇ ਬਾਬਾ! ਮੈਂ ਇਕ ਗ਼ਰੀਬ ਆਦਮੀ ਹਾਂ ਅਤੇ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਵੀ ਚੰਗੀ ਤਰ੍ਹਾਂ ਨਹੀਂ ਕਰ ਸਕਦਾ। ਜੇ ਮੈਂ ਤੁਹਾਡੀ ਕ੍ਰਿਪਾ ਨਾਲ ਮਹਿਕਮੇ ਦੀ ਪਰੀਖਿਆ ਵਿਚੋਂ ਪਾਸ ਹੋ ਗਿਆ ਤਾਂ ਤੁਹਾਡੇ ਸ੍ਰੀ ਚਰਣਾਂ ਵਿਚ ਹਾਜ਼ਰ ਹੋ ਕੇ ਤੁਹਾਡੇ ਲਈ ਮਿਸ਼ਰੀ ਦਾ ਪ੍ਰਸ਼ਾਦ ਵੰਡਾਂਗਾ।" ਕਿਸਮਤ ਨੇ ਪਲਟੀ ਮਾਰੀ ਅਤੇ ਚੌਲਕਰ ਪਰੀਖਿਆ ਵਿਚ ਪਾਸ ਹੋ ਗਿਆ। ਉਸ ਦੀ ਨੌਕਰੀ ਪੱਕੀ ਹੋ ਗਈ। ਹੁਣ ਸਿਰਫ਼ ਉਸ ਦੀ ਪ੍ਰਤਿਗਿਆ ਹੀ ਬਾਕੀ ਸੀ। "ਸ਼ੁਭ ਕਰ ਜਲਦੀ ਕਰ"। ਸ੍ਰੀ ਚੌਲਕਰ ਗਰੀਬ ਤਾਂ ਸੀ ਹੀ ਅਤੇ ਉਸਦਾ ਪਰਿਵਾਰ ਵੀ ਵੱਡਾ ਸੀ। ਉਹ ਸ਼ਿਰਡੀ ਯਾਤਰਾ ਦੇ ਲਈ ਰਾਹ ਦਾ ਖਰਚਾ ਇਕੱਠਾ ਨਾ ਕਰ ਸਕਿਆ। ਠਾਣੇ ਜ਼ਿਲ੍ਹੇ ਵਿਚ ਇਕ ਕਹਾਵਤ ਆਮ ਹੈ ਕਿ ਛੋਟੇ ਘਾਟ ਅਤੇ ਸ਼ਹਾਦਰੀ ਪਹਾੜੀਆਂ ਕੋਈ ਵੀ ਆਰਾਮ ਨਾਲ ਪਾਰ ਕਰ ਸਕਦਾ ਹੈ, ਪਰ ਗਰੀਬ ਆਦਮੀ ਲਈ ਆਪਣੇ ਘਰ ਦੀਆਂ ਦਲ੍ਹੀਜ਼ਾਂ ਪਾਰ ਕਰਨਾ ਬਹੁਤ ਮੁਸ਼ਕਿਲ ਹੁੰਦਾ ਹੈ। ਸ੍ਰੀ ਚੌਲਕਰ ਆਪਣੀ ਪ੍ਰਤਿਗਿਆ ਜਲਦੀ ਤੋਂ ਜਲਦੀ ਪੂਰੀ ਕਰਨਾ ਚਾਹੁੰਦਾ ਸੀ। ਉਸਨੇ ਕੰਜੂਸੀ ਕਰ ਕੇ, ਆਪਣਾ ਖਰਚਾ ਘਟਾ ਕੇ ਪੈਸੇ ਬਚਾਉਣ ਦਾ ਫ਼ੈਸਲਾ ਕੀਤਾ। ਇਸ ਕਰ ਕੇ ਉਸ ਨੇ ਬਿਨਾਂ ਖੰਡ ਦੀ ਚਾਹ ਪੀਣੀ ਸ਼ੁਰੂ ਕੀਤੀ ਅਤੇ ਇਸ ਤਰ੍ਹਾਂ ਕੁਝ ਪੈਸੇ ਇਕੱਠੇ ਕਰ ਕੇ ਉਹ ਸ਼ਿਰਡੀ ਪਹੁੰਚਿਆ। ਉਸ ਨੇ ਬਾਬਾ ਦੇ ਦਰਸ਼ਨ ਕਰ ਕੇ ਉਨ੍ਹਾਂ ਦੇ ਚਰਣਾਂ 'ਤੇ ਡਿੱਗ ਕੇ ਨਾਰੀਅਲ ਭੇਟ ਕੀਤਾ ਅਤੇ ਆਪਣੀ ਪ੍ਰਤਿਗਿਆ ਅਨੁਸਾਰ ਸ਼ਰਧਾ ਨਾਲ ਮਿਸ਼ਰੀ ਵੰਡੀ ਅਤੇ ਬਾਬਾ ਨੂੰ ਕਿਹਾ ਕਿ ਤੁਹਾਡੇ ਦਰਸ਼ਨਾਂ ਨਾਲ ਮੇਰੇ ਦਿਲ ਨੂੰ ਬਹੁਤ ਖ਼ੁਸ਼ੀ ਹੋਈ ਹੈ। ਮੇਰੀਆਂ ਸਾਰੀਆਂ ਇੱਛਾਵਾਂ ਤਾਂ ਤੁਹਾਡੀ ਕ੍ਰਿਪਾਦ੍ਰਿਸ਼ਟੀ ਨਾਲ ਉਸੇ ਦਿਨ ਪੂਰੀਆਂ ਹੋ ਗਈਆਂ ਸੀ। ਮਸਜਿਦ ਵਿਚ ਸ੍ਰੀ ਚੌਲਕਰ ਦੀ ਮਹਿਮਾਨ-ਨਿਵਾਜ਼ੀ ਕਰਨ ਵਾਲੇ ਸ੍ਰੀ ਬਾਪੂਸਾਹਿਬ ਜੋਗ ਵੀ ਹਾਜ਼ਰ ਸੀ। ਜਦੋਂ ਉਹ ਦੋਵੇਂ ਉਥੋਂ ਜਾਣ ਲੱਗੇ ਤਾਂ ਬਾਬਾ ਜੋਗ ਨੂੰ ਇਸ ਤਰ੍ਹਾਂ ਕਹਿਣ ਲੱਗੇ ਕਿ "ਆਪਣੇ ਮਹਿਮਾਨ ਨੂੰ ਚਾਹ ਦੇ ਕੱਪ ਵਿਚ ਚੰਗੀ ਤਰ੍ਹਾਂ ਖੰਡ ਪਾ ਕੇ ਦੇਣਾ।" ਇਹ ਅਰਥਪੂਰਨ ਸ਼ਬਦ ਸੁਣ ਕੇ ਸ੍ਰੀ ਚੌਲਕਰ ਦਾ ਦਿਲ ਭਰ ਆਇਆ ਅਤੇ ਉਸ ਨੂੰ ਬਹੁਤ ਹੈਰਾਨੀ ਹੋਈ। ਉਨ੍ਹਾਂ ਦੀਆਂ ਅੱਖਾਂ ਵਿਚੋਂ ਅੱਥਰੂਆਂ ਦੀ ਧਾਰ ਨਿਕਲਣ ਲੱਗੀ ਅਤੇ ਪਿਆਰ ਵਿਚ ਆ ਕੇ ਸ੍ਰੀ ਚਰਣਾਂ ਵਿਚ ਡਿੱਗ ਪਿਆ। ਸ੍ਰੀ ਜੋਗ ਨੂੰ "ਜ਼ਿਆਦਾ ਖੰਡ ਵਾਲੀ ਚਾਹ ਦੇ ਕੱਪ ਮਹਿਮਾਨ ਨੂੰ ਦੇਣਾ", ਇਹ ਅਜ਼ੀਬ ਆਗਿਆ ਸੁਣ ਕੇ ਬਹੁਤ ਅਸਚਰਜ ਹੋ ਰਿਹਾ ਸੀ ਕਿ ਅਸਲ ਵਿਚ ਇਸ ਦਾ ਮਤਲਬ ਕੀ ਹੈ ? ਬਾਬਾ ਨੇ ਉਨ੍ਹਾਂ ਨੂੰ ਇਸ਼ਾਰਾ ਕੀਤਾ ਸੀ ਕਿ ਉਹ ਖੰਡ ਛੱਡਣ ਦੇ ਗੁਪਤ ਫ਼ੈਸਲੇ ਤੋਂ ਚੰਗੀ ਤਰ੍ਹਾਂ ਜਾਣੂ ਹਨ।

ਬਾਬਾ ਦਾ ਇਹ ਕਥਨ ਸੀ ਕਿ, "ਜੇ ਤੁਸੀਂ ਸ਼ਰਧਾ ਨਾਲ ਮੇਰੇ ਸਾਹਮਣੇ ਹੱਥ ਫੈਲਾਉਗੇ ਤਾਂ ਮੈਂ ਸਦਾ ਤੁਹਾਡੇ ਨਾਲ ਰਹਾਂਗਾ। ਭਾਵੇਂ ਮੇਰਾ ਸਰੀਰ ਇਥੇ ਹੈ, ਪਰ ਮੈਨੂੰ ਸਤ ਸਮੁੰਦਰਾਂ ਦੇ ਪਾਰ ਵੀ ਹੋਣ ਵਾਲੀਆਂ ਘਟਨਾਵਾਂ ਦਾ ਗਿਆਨ ਹੈ। ਮੈਂ ਤੁਹਾਡੇ ਦਿਲ ਵਿਚ ਹਾਂ, ਤੁਹਾਡੇ ਕੋਲ ਹੀ ਹਾਂ ਜਿਸ ਦਾ ਤੁਹਾਡੇ ਅਤੇ ਸਾਰੇ ਪ੍ਰਾਣੀਆਂ ਦੇ ਦਿਲ ਵਿਚ ਵਾਸਾ ਹੈ, ਉਸਦੀ ਹੀ ਪੂਜਾ ਕਰੋ। ਧੰਨ ਉਹ ਭਾਗਾਂ ਵਾਲੇ ਹਨ, ਜਿਹੜੇ ਮੇਰੇ ਸਰਵ-ਵਿਆਪੀ ਸਰੂਪ ਨੂੰ ਜਾਣਦੇ ਹਨ।" ਬਾਬਾ ਨੇ ਸ੍ਰੀ ਚੌਲਕਰ ਨੂੰ ਕਿੰਨੀ ਸੁੰਦਰ ਅਤੇ ਮਹੱਤਵਪੂਰਨ ਸਿੱਖਿਆ ਦਿੱਤੀ।

ਦੋ ਛਿਪਕਲੀਆਂ ਦੀ ਮੁਲਾਕਾਤ

ਹੁਣ ਅਸੀਂ ਦੋ ਛੋਟੀਆਂ ਛਿਪਕਲੀਆਂ ਦੀ ਕਥਾ ਦੇ ਨਾਲ ਹੀ ਇਹ ਅਧਿਆਇ ਖਤਮ ਕਰਾਂਗੇ। ਇਕ ਦਿਨ ਬਾਬਾ ਮਸਜਿਦ ਵਿਚ ਬੈਠੇ ਸੀ ਕਿ ਉਸੇ ਵੇਲੇ ਇਕ ਛਿਪਕਲੀ ਚਿਕਚਿਕ ਕਰਨ ਲੱਗੀ। ਅਸਚਰਜ ਨਾਲ ਇਕ ਭਗਤ ਨੇ ਬਾਬਾ ਨੂੰ ਪੁੱਛਿਆ ਕਿ, "ਛਿਪਕਲੀ ਦੇ ਚਿਕਚਿਕਾਨ ਦਾ ਕੀ ਕੋਈ ਖ਼ਾਸ ਮਤਲਬ ਹੈ? ਇਹ ਸ਼ੁਭ ਹੈ ਜਾਂ ਅਸ਼ੁਭ?" ਬਾਬਾ ਨੇ ਕਿਹਾ ਕਿ, "ਇਸ ਛਿਪਕਲੀ ਦੀ ਭੈਣ ਅੱਜ ਔਰੰਗਾਬਾਦ ਤੋਂ ਇਥੇ ਆਉਣ ਵਾਲੀ ਹੈ। ਇਸ ਲਈ ਇਹ ਖ਼ੁਸ਼ੀ ਨਾਲ ਫੁਲੀ ਨਹੀਂ ਸਮਾ ਰਹੀ ਹੈ।" ਉਹ ਭਗਤ ਬਾਬਾ ਦੇ ਸ਼ਬਦਾਂ ਦਾ ਮਤਲਬ ਨਾ ਸਮਝ ਸਕਿਆ। ਇਸ ਲਈ ਉਹ ਚੁੱਪਚਾਪ ਉਥੇ ਬੈਠਾ ਰਿਹਾ।

ਉਸੇ ਵੇਲੇ ਔਰੰਗਾਬਾਦ ਤੋਂ ਇਕ ਆਦਮੀ ਘੋੜੇ 'ਤੇ ਚੜ੍ਹ ਕੇ ਬਾਬਾ ਦੇ ਦਰਸ਼ਨਾਂ ਲਈ ਆਇਆ। ਉਹ ਤਾਂ ਅੱਗੇ ਜਾਣਾ ਚਾਹੁੰਦਾ ਸੀ, ਪਰ ਘੋੜਾ ਬਹੁਤ ਭੁੱਖਾ ਹੋਣ ਕਰਕੇ ਅੱਗੇ ਤੁਰਦਾ ਹੀ ਨਹੀਂ ਸੀ। ਤਾਂ ਉਸ ਨੇ ਛੋਲੇ ਲਿਆਉਣ ਲਈ ਇਕ ਥੈਲੀ ਕਢੀ ਅਤੇ ਮਿੱਟੀ ਘੱਟਾ ਝਾੜਨ ਲਈ ਉਸ ਨੂੰ ਜ਼ਮੀਨ ਉੱਪਰ ਪਟਕਿਆ ਤਾਂ ਉਸ ਵਿਚੋਂ ਇਕ ਛਿਪਕਲੀ ਨਿਕਲੀ ਅਤੇ ਸਾਰਿਆਂ ਦੇ ਦੇਖਦੇ-ਦੇਖਦੇ ਹੀ ਕੰਧ ਉੱਪਰ ਚੜ੍ਹ ਗਈ। ਬਾਬਾ ਨੇ ਸੁਆਲ ਕਰਨ ਵਾਲੇ ਭਗਤ ਨੂੰ ਧਿਆਨ ਨਾਲ ਦੇਖਣ ਲਈ ਕਿਹਾ। ਛਿਪਕਲੀ ਫਟਾਫੱਟ ਹੀ ਮਾਨ ਨਾਲ ਆਪਣੀ ਭੈਣ ਕੋਲ ਪਹੁੰਚ ਗਈ ਸੀ। ਦੋਨੋਂ ਭੈਣਾਂ ਬਹੁਤ ਦੇਰ ਤਕ ਇਕ ਦੂਜੇ ਨੂੰ ਮਿਲੀਆਂ ਤੇ ਇਕ ਦੂਜੀ ਨੂੰ ਚੁੰਮਿਆ ਅਤੇ ਜੱਫੀ ਪਾ ਕੇ ਚਾਰੋਂ ਪਾਸੇ ਘੁੰਮ-ਘੁੰਮ ਕੇ ਪਿਆਰ ਨਾਲ ਨੱਚਣ ਲੱਗੀਆਂ। ਕਿਥੇ ਸ਼ਿਰਡੀ ਅਤੇ ਕਿਥੇ ਔਰੰਗਾਬਾਦ? ਕਿਸ ਤਰ੍ਹਾਂ ਇਕ ਆਦਮੀ ਘੋੜੇ 'ਤੇ ਸਵਾਰ ਹੋ ਕੇ, ਥੈਲੀ ਵਿਚ ਛਿਪਕਲੀ ਨੂੰ ਲੈ ਕੇ ਉੱਥੇ ਪਹੁੰਚਦਾ ਹੈ ਅਤੇ ਬਾਬਾ ਨੂੰ ਉਨ੍ਹਾਂ ਦੋ ਭੈਣਾਂ ਦੀ ਮੁਲਾਕਾਤ ਦਾ ਪਤਾ ਕਿਸ ਤਰ੍ਹਾਂ ਲੱਗ ਜਾਂਦਾ ਹੈ—ਇਹ ਸਾਰੀ ਘਟਨਾ ਹੈਰਾਨੀਜਨਕ ਹੈ ਅਤੇ ਬਾਬਾ ਦੀ ਸਰਵ-ਵਿਆਪਕਤਾ ਨੂੰ ਦਰਸਾਉਂਦੀ ਹੈ।

ਸਿੱਖਿਆ

ਜਿਹੜਾ ਕੋਈ ਇਸ ਅਧਿਆਇ ਦਾ ਧਿਆਨ ਨਾਲ ਪਾਠ ਅਤੇ ਧਿਆਨ ਕਰੇਗਾ, ਸਾਈਂ ਕ੍ਰਿਪਾ ਨਾਲ ਉਸ ਦੇ ਸਾਰੇ ਦੁੱਖ ਦੂਰ ਹੋ ਜਾਣਗੇ ਅਤੇ ਉਹ ਪੂਰਨ ਸੁੱਖੀ ਹੋ ਕੇ ਸ਼ਾਂਤੀ ਨੂੰ ਪ੍ਰਾਪਤ ਕਰੇਗਾ।

ਸ੍ਰੀ ਸਤਿਗੁਰੂ ਸਾਈਂਨਾਥ ਨੂੰ ਸੀਸ ਝੁਕਾਉ : ਸਾਰੇ ਸੁੱਖ ਸ਼ਾਂਤੀ ਪਾਉ।